# Visit of Foreign Secretary of UK to India (December 14-17, 2020)

December 14, 2020

## ਇੰਗਲੈਂਡ ਦੇ ਵਿਦੇਸ਼ ਸਕੱਤਰ ਦੀ ਭਾਰਤ ਫੇਰੀ (14-17 ਦਸੰਬਰ, 2020)

14 ਦਸੰਬਰ, 2020

ਇੰਗਲੈਂਡ ਦੇ ਮੈਂਬਰ ਆਫ ਪਾਰਲੀਮੈਂਟ ਅਤੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਮਾਮਲਿਆਂ ਦੇ ਸੈਕ੍ਰੇਟਰੀ ਆਫ ਸਟੇਟ ਰਾਈਟ ਆਨਰੇਬਲ ਡੋਮਿਨਿਕ ਰਾਅਬ 14-17 ਦਸੰਬਰ 2020 ਤੱਕ ਭਾਰਤ ਦੀ ਅਧਿਕਾਰਤ ਫੇਰੀ 'ਤੇ ਆਉਣਗੇ।

2. ਨਵੀਂ ਦਿੱਲੀ ਵਿੱਚ ਆਪਣੇ ਰੁਕਣ ਦੇ ਦੌਰਾਨ ਸ਼੍ਰੀ ਰਾਅਬ 15 ਦਸੰਬਰ, 2020 ਨੂੰ ਵਿਦੇਸ਼ ਮੰਤਰੀ ਡਾ. ਸੁਬ੍ਰਾਹਮਣਯਮ ਜੈਸ਼ੰਕਰ ਨਾਲ ਆਪਸੀ ਹਿਤ ਦੇ ਦੁਵੱਲੇ, ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਗੱਲਬਾਤ ਕਰਨਗੇ। ਉਹ ਵਾਤਾਵਰਣ, ਜੰਗਲਾਤ ਅਤੇ ਮੌਸਮੀ ਬਦਲਾਅ ਮੰਤਰੀ ਸ਼੍ਰੀ ਪ੍ਰਕਾਸ਼ ਜਾਵਡੇਕਰ ਅਤੇ ਸਿੱਖਿਆ ਮੰਤਰੀ ਸ਼੍ਰੀ ਰਮੇਸ਼ ਪੋਖਰਿਆਲ ਨਾਲ ਵੀ ਅਧਿਕਾਰਤ ਬੈਠਕਾਂ ਕਰਨਗੇ।

3. ਇਸ ਦੌਰੇ ਦੇ ਹਿੱਸੇ ਵਜੋਂ ਸ਼੍ਰੀ ਰਾਅਬ ਬੈਂਗਲੁਰੂ ਦੀ ਯਾਤਰਾ ਕਰਨਗੇ, ਜਿੱਥੇ ਉਹ 17 ਦਸੰਬਰ, 2020 ਨੂੰ ਕਰਨਾਟਕ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨਗੇ।

4. 2004 ਤੋਂ ਹੀ ਭਾਰਤ ਅਤੇ ਇੰਗਲੈਂਡ ਦੀ ਰਣਨੀਤਕ ਭਾਈਵਾਲੀ ਰਹੀ ਹੈ, ਜਿਸ ਵਿੱਚ ਬਾਕਾਇਦਾ ਤੌਰ 'ਤੇ ਉੱਚ ਪੱਧਰੀ ਵਟਾਂਦਰੇ ਹੋਏ ਹਨ ਅਤੇ ਵੱਖੋ-ਵੱਖ ਖੇਤਰਾਂ ਵਿੱਚ ਵਧਦਾ ਸਹਿਯੋਗ ਵੇਖਿਆ ਗਿਆ ਹੈ। ਸ਼੍ਰੀ ਰਾਅਬ ਦੀ ਇਸ ਫੇਰੀ ਨਾਲ COVID ਅਤੇ ਬਰੈਗਜ਼ਿਟ ਤੋਂ ਬਾਅਦ ਦੇ ਸਮੇਂ ਵਿੱਚ ਵਪਾਰ, ਰੱਖਿਆ, ਜਲਵਾਯੂ, ਪਰਵਾਸ ਅਤੇ ਗਤੀਸ਼ੀਲਤਾ, ਸਿੱਖਿਆ ਅਤੇ ਸਿਹਤ ਖੇਤਰ ਵਿੱਚ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦਾ ਰਾਹ ਪੱਧਰਾ ਹੋਵੇਗਾ।

ਨਵੀਂ ਦਿਲੀ
14 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.